**APPENDIX B**

ਡੀਅਰ ਪੇਰੰਟ (ਮਾਤਾ/ਪਿਤਾ)

ਹੇਠਾਂ ਲਿਖੇ ਸਕੂਲ/ਕਾਲਿਜ ਵਿਚ ਪੇਰੰਟ ਗਵਰਨਰ ਦੀ ਚੋਣ
< >

ਮੈਂ ਇਹ ਚਿੱਠੀ ਤੁਹਾਨੂੰ ਇਹ ਦੱਸਣ ਲਈ ਲਿਖ ਰਿਹਾ/ਰਹੀ ਹਾਂ ਕਿ ਸਾਡੇ ਸਕੂਲ ਵਿੱਚ < > ਪੇਰੰਟ ਗਵਰਨਰ(ਸ) ਲਈ ਥਾਂ ਖਾਲੀ ਹੈ ਅਤੇ ਤੁਹਾਨੂੰ ਇਲੈਕਸ਼ਨ ਲਈ ਆਪ ਖੜ੍ਹੇ ਹੋਣ ਜਾਂ ਇਸ ਲਈ ਕਿਸੇ ਹੋਰ ਪੇਰੰਟ ਦਾ ਨਾਮ ਨਾਮਜ਼ਦ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ।

ਹੈੱਡਟੀਚਰ ਨਾਲ ਮਿਲ ਕੇ ਸਕੂਲ ਨੂੰ ਚਲਾਉਣ ਲਈ ਸਮੁੱਚੇ ਤੌਰ ਤੇ ਜ਼ਿੰਮੇਵਾਰੀ ਗਵਰਨਿੰਗ ਬਾੱਡੀ ਦੀ ਹੁੰਦੀ ਹੈ । ਗਵਰਨਿੰਗ ਬਾੱਡੀਜ਼ ਦੇ ਤਿੰਨ ਮੁੱਖ ਕੰਮ ਹੁੰਦੇ ਹਨ:–

- ਮਨੋਰਥ, ਸਿਧਾਂਤ ਅਤੇ ਯੋਜਨਾ–ਬੱਧ ਅਗਵਾਈ ਦੀ ਸਪੱਸ਼ਟਤਾ ਨੂੰ ਯਕੀਨੀ ਬਣਾਉਣਾ;
- ਹੈਡਟੀਚਰ ਨੂੰ ਸਕੂਲ ਅਤੇ ਇਸ ਦੇ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਕੰਮ–ਕਾਜ਼ ਦੀ ਜ਼ਿੰਮੇਵਾਰੀ ਦੇਣੀ; ਅਤੇ
- ਸਕੂਲ ਦੀ ਪੜ੍ਹਾਈ ਲਈ ਵਿੱਤ ਸਬੰਧੀ ਕੰਮਾਂ ਦੀ ਨਿਗਰਾਨੀ ਕਰਨੀ ਅਤੇ ਇਹ ਯਕੀਨੀ ਬਣਾਉਣਾ ਕਿ ਪੈਸਾ ਸਹੀ ਤਰੀਕੇ ਨਾਲ ਖਰਚ ਕੀਤਾ ਜਾਦਾ ਹੈ ।

ਗਵਰਨਰਸ ਨੂੰ ਜ਼ਿੰਮੇਵਾਰੀ ਪ੍ਰਤੀ ਪੱਕੀ ਵੱਚਨਬੱਧਤਾ, ਸਵਾਲ ਕਰਨ ਅਤੇ ਵਿਸ਼ਲੇਸ਼ਣ ਕਰਨ ਦੀ ਵਿਲੱਖਣਤਾ ਅਤੇ ਸਿਖਣ ਲਈ ਇੱਛਾ ਦੀ ਲੋੜ ਹੁੰਦੀ ਹੈ । ਫਿਰ ਵੀ ਅਸੀਂ ਅੱਗੇ ਲਿਖੀਆਂ ਯੋਗਤਾਵਾਂ ਵਾਲੇ ਮਾਪਿਆਂ ਵਲੋਂ ਨਾਮਜ਼ਦਗੀਆਂ ਦਾ ਵਿਸ਼ੇਸ਼ ਸਵਾਗਤ ਕਰਾਂਗੇ:–

ਸਾਡੇ ਪੇਰੰਟ ਗਵਰਨਰਸ ਦਾ < > ਸਾਲ ਦਾ ਸੇਵਾ ਨਿਭਾਉਣ ਦਾ ਸਮਾਂ ਹੁੰਦਾ ਹੈ । ਸਾਡੀ ਗਵਰਨਿੰਗ ਬਾੱਡੀ ਸਾਲ ਵਿਚ ਆਮ ਤੋਰ ਤੇ < > ਵਾਰੀ ਮੀਟਿੰਗ ਕਰਦੀ ਹੈ ਅਤੇ ਇਸ ਦੀਆਂ < > ਕਮੇਟੀਆਂ ਹਨ ਜਿਹੜੀਆਂ ਇਕ ਟਰਮ ਵਿੱਚ < > ਵਾਰੀ ਮੀਟਿੰਗ ਕਰਦੀਆਂ ਹਨ ।

ਜੇਕਰ ਤੁਸੀਂ ਇਲੈਕਸ਼ਨ ਲਈ ਖੜ੍ਹੇ ਹੋਣਾ ਚਾਹੁੰਦੇ ਹੋਵੋ ਜਾਂ ਕਿਸੇ ਹੋਰ ਦਾ ਨਾਮ ਨਾਮਜ਼ਦ ਕਰਨਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਨਾਲ ਭੇਜਿਆ ਗਿਆ ਫ਼ਾਰਮ ਭਰ ਕੇ ਆਪਣੇ ਬੱਚੇ ਦੇ ਹੱਥ ਸਕੂਲ ਵਾਪਸ ਭੇਜ ਦੇਣਾ ਚਾਹੀਦਾ ਹੈ । ਇਹ ਭਰੇ ਹੋਏ ਫ਼ਾਰਮ < > ਤਾਰੀਕ ਤੱਕ ਸਕੂਲ ਵਿੱਚ ਛੁੱਟੀ ਹੋਣ ਤੋਂ ਪਹਿਲਾਂ ਵਾਪਸ ਸਕੂਲ ਪਹੁੰਚ ਜਾਣੇ ਚਾਹੀਦੇ ਹਨ। ਜੇਕਰ ਖਾਲੀ ਪਦਾਂ ਦੀ ਗਿਣਤੀ ਨਾਲੋਂ ਨਾਮਜ਼ਦਗੀਆਂ ਵਧ ਗਈਆਂ ਤਾਂ ਇਸ ਵਾਸਤੇ ਵੋਟਾਂ ਪਵਾਈਆਂ ਜਾਣਗੀਆਂ ਅਤੇ ਪ੍ਰਤੀ ਪੇਰੰਟ ਇਕ ਵੋਟ–ਪਰਚੀ ਤੁਹਾਡੇ ਬੱਚੇ ਰਾਹੀਂ ਤੁਹਾਨੂੰ ਪਹੁੰਚਾ ਦਿਤੀ ਜਾਵੇਗੀ ।

ਜੇਕਰ ਤੁਹਾਨੂੰ ਇਕ ਪੇਰੰਟ ਗਵਰਨਰ ਵਜੋਂ ਸੇਵਾ ਨਿਭਾਉਣ ਦੇ ਆਪਣੀ ਚੋਣ–ਯੋਗਤਾ ਬਾਰੇ ਜਾਂ ਇਕ ਗਵਰਨਰ ਦੇ ਰੋਲ ਬਾਰੇ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਤਾਂ ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ

ਆਪ ਦਾ/ਦੀ ਸ਼ੁਭਚਿੰਤਕ

ਹੈਡਟੀਚਰ

**APPENDIX C**

## ਪੇਰੰਟ ਗਵਰਨਰਸ ਦੀ ਇਲੈਕਸ਼ਨ
## ਨਾਮਜ਼ਦਗੀ ਦੀ ਕਾਰਵਾਈ – ਮਾਪਿਆਂ ਲਈ ਨੋਟਸ

### ਚੋਣ–ਯੋਗਤਾ

1. ਜ਼ਰੂਰੀ ਹੈ ਕਿ ਤੁਸੀਂ ਇਸ ਸਕੂਲ ਵਿੱਚ ਰਜਿਸਟਰ ਹੋਏ ਬੱਚੇ ਦੇ ਪੇਰੰਟ ਹੋਵੋ ।

   ਇਕ ਪੇਰੰਟ ਦੀ ਪਰਿਭਾਸ਼ਾ ਵਿੱਚ ਸ਼ਾਮਿਲ ਹੈ ਕੋਈ ਵੀ ਉਹ ਵਿਅਕਤੀ ਜਿਸ ਕੋਲ ਉਹ ਸਾਰੇ ਹੱਕ, ਫਰਜ਼, ਅਖਤਿਆਰ ਅਤੇ ਜ਼ਿੰਮੇਵਾਰੀਆਂ ਅਤੇ ਅਧਿਕਾਰ ਹੋਣ ਜਿਹੜੇ ਕਾਨੂੰਨੀ ਤੌਰ ਤੇ ਇਕ ਬੱਚੇ ਦੇ ਮਾਤਾ/ਪਿਤਾ ਕੋਲ ਹੁੰਦੇ ਹਨ ਅਤੇ ਇਸ ਲਈ ਇਸ ਵਿੱਚ ਇਕ ਬੱਚੇ ਦੇ ਸਿਰਫ ਜਨਮ ਦੇਣ ਵਾਲੇ ਮਾਤਾ/ਪਿਤਾ ਹੀ ਨਹੀਂ ਸਗੋਂ ਦੂਸਰੇ ਜਿਵੇਂ ਕਿ ਮਤਰਏ ਮਾਤਾ–ਪਿਤਾ, ਜਨਮ ਦੇਣ ਵਾਲੇ ਮਾਤਾ/ਪਿਤਾ ਦੇ ਜਾਂ ਰਿਸ਼ਤੇਦਾਰ ਜਾਂ ਪਾੱਟਨਰਸ ਜਾਂ ਫੋਸਟਰ ਪੇਰੰਟਸ ਵੀ ਸ਼ਾਮਲ ਹੋ ਸਕਦੇ ਹਨ ।

2. ਤੁਸੀਂ ਇਕ ਪੇਰੰਟ ਗਵਰਨਰ ਬਣਨ ਦੇ ਹੱਕਦਾਰ **ਨਹੀਂ** ਜੇਕਰ:

   - ਤੁਸੀਂ ਉਸੇ ਸਕੂਲ ਵਿਚ ਪ੍ਰਤੀ ਸਾਲ 500 ਘੰਟੇ ਤੋਂ ਵੱਧ ਕੰਮ ਕਰਦੇ ਹੋਵੋ;
   - ਜੇਕਰ ਤੁਸੀਂ ਲੈਸਟਰ ਸਿਟੀ ਕੌਂਸਲ ਦੇ ਇਲੈਕਟਿਡ ਮੈਂਬਰ (ਚੁਣੇ ਹੋਏ ਮੈਂਬਰ) ਹੋਵੋ;
   - ਤੁਹਾਨੂੰ ਰੈਗੂਲੇਸ਼ਨਜ਼ (ਨਿਯਮਾਂ) ਅਨੁਸਾਰ ਅਯੋਗ ਠਹਿਰਾਇਆ ਗਿਆ ਹੋਵੇ – ਚੋਣ–ਯੋਗਤਾ ਦੀਆਂ ਮੰਗਾਂ ਦਾ ਸਾਰੰਸ਼ ਇਸ ਚਿੱਠੀ ਦੇ ਨਾਲ ਭੇਜਿਆ ਗਿਆ ਹੈ।

   ਜੇਕਰ ਤੁਹਾਨੂੰ ਇਕ ਪੇਰੰਟ ਗਵਰਨਰ ਬਣਨ ਬਾਰੇ ਆਪਣੀਆਂ ਚੋਣ–ਯੋਗਤਾਵਾਂ ਬਾਰੇ ਕੋਈ ਸ਼ੱਕ ਹੋਵੇ ਤਾਂ ਕਿਰਪਾ ਕਰਕੇ ਹੈੱਡਟੀਚਰ ਨਾਲ ਸੰਪਰਕ ਕਰੋ ।

3. ਗਵਰਨਰ ਦੀਆਂ ਸਾਰੀਆਂ ਨਿਯੁਕਤੀਆਂ ਤੁਹਾਡੇ ਦਸਤਖਤ ਕੀਤੇ ਹੋਏ ਚੋਣ–ਯੋਗਤਾਵਾਂ ਦੇ ਹਲਫ਼ੀਆ ਬਿਆਨ ਤੇ ਨਿਰਭਰ ਕਰਦੀਆਂ ਹਨ।

### ਇਲੈਕਸ਼ਨ ਵਿਚ ਕਿਵੇਂ ਖੜ੍ਹੇ ਹੋਣਾ ਹੈ

4. ਜੇਕਰ ਤੁਸੀਂ ਇਲੈਕਸ਼ਨ ਲਈ ਖੜ੍ਹੇ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਚਿੱਠੀ ਦੇ ਨਾਲ ਭੇਜਿਆ ਗਿਆ ਫ਼ਾਰਮ ਭਰੋ ਅਤੇ ਇਸ ਸਕੂਲ ਵਿਚ ਰਜਿਸਟਰਡ ਕਿਸੇ ਹੋਰ ਵਿਦਿਆਰਥੀ ਦੇ ਪੇਰੰਟ ਨੂੰ ਆਪਣੀ ਨਾਮਜ਼ਦਗੀ ਦਾ ਸਮਰਥਨ ਕਰਨ ਲਈ ਕਹੋ । ਉਹ ਵਿਅਕਤੀ ਤੁਹਾਡਾ ਪਤੀ/ਪਤਨੀ ਜਾਂ ਪਾੱਟਨਰ (ਸਾਥੀ) **ਨਹੀਂ ਹੋ ਸਕਦਾ** ।

5. ਇਹ ਸਲਾਹ ਦਿਤੀ ਜਾਂਦੀ ਹੈ ਕਿ ਸਾਰੇ ਉਮੀਦਵਾਰ ਆਪਣੇ ਬਾਰੇ ਇਕ ਨਿੱਜੀ ਬਿਆਨ ਲਿਖ ਕੇ ਦੇਣ ਤਾਂ ਜੋ ਜੇਕਰ ਵੋਟਾਂ ਪਵਾਉਣ ਦੀ ਲੋੜ ਹੋਵੇ ਤਾਂ ਉਹ ਵੋਟਰਸ ਨੂੰ ਵੰਡਿਆ ਜਾਵੇ ।

6. ਭਰੇ ਹੋਏ ਨਾਮਜ਼ਦਗੀ ਫ਼ਾਰਮ <            > ਤਾਰੀਕ ਤੱਕ ਸਕੂਲ ਵਿੱਚ ਛੁੱਟੀ ਹੋਣ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣੇ ਚਾਹੀਦੇ ਹਨ । ਤੁਸੀਂ ਆਪਣਾ ਫ਼ਾਰਮ ਸਕੂਲ ਨੂੰ ਡਾਕ ਰਾਹੀਂ ਵੀ ਭੇਜ ਸਕਦੇ ਹੋ ਪਰ ਇਹ ਫ਼ਾਰਮ ਇਸ ਤਾਰੀਕ ਤੱਕ ਹੈੱਡਟੀਚਰ ਕੋਲ ਜ਼ਰੂਰ ਪਹੁੰਚ ਜਾਣਾ ਚਾਹੀਦਾ ਹੈ ।

APPENDIX D

## ਇਕ ਸਕੂਲ ਗਵਰਨਰ ਵਜੋਂ ਸੇਵਾ ਨਿਭਾਉਣ ਲਈ ਚੋਣ–ਯੋਗਤਾ ਸਬੰਧੀ ਸਿਧਾਂਤ

ਜ਼ਰੂਰੀ ਹੈ ਕਿ ਇਕ ਗਵਰਨਰ ਦੀ ਉਮਰ ਉਸ ਦੀ ਇਲੈਕਸ਼ਨ ਜਾਂ ਨਿਯੁਕਤੀ ਦੇ ਸਮੇਂ 18 ਸਾਲ ਜਾਂ ਵੱਧ ਹੋਵੇ ਅਤੇ ਉਹ ਉਸੇ ਸਕੂਲ ਦੀ ਇਕ ਤੋਂ ਵੱਧ ਗਵਰਨਰੀ ਨਹੀਂ ਕਰ ਸਕਦਾ/ਦੀ।

**ਇਕ ਵਿਅਕਤੀ ਨੂੰ ਇਕ ਗਵਰਨਰ ਜਾਂ ਸਹਾਇਕ ਮੈਂਬਰ ਵਜੋਂ ਸੇਵਾ ਨਿਭਾਉਣ ਜਾਂ ਨਿਭਾਉਂਦੇ ਰਹਿਣ ਲਈ ਅਯੋਗ ਠਹਿਰਾਇਆ ਜਾ ਸਕਦਾ ਹੈ ਜੇਕਰ ਉਹ:**

- ਬੈਂਕਰੱਪਸੀ ਰਿਸਟ੍ਰਿਕਸ਼ਨ ਆੱਡਰ, ਇਨਟ੍ਰਿਮ (ਅੰਤਰਿਮ–ਕਾਲ) ਬੈਂਕਰੱਪਸੀ ਰਿਸਟ੍ਰਿਕਸ਼ਨਜ਼ ਆੱਡਰ, ਡੈੱਟ ਰਿਲੀਫ਼ ਰਿਸਟ੍ਰਿਕਸ਼ਨਜ਼ ਆੱਡਰ ਜਾਂ ਇਨਟ੍ਰਿਮ ਡੈੱਟ ਰਿਲੀਫ਼ ਰਿਸਟ੍ਰਿਕਸ਼ਨਜ਼ ਆੱਡਰ ਲਈ ਜ਼ਿੰਮਵਾਰ ਹੋਣ;
- ਜੇਕਰ ਉਹਨਾਂ ਦੀ ਜਾਇਦਾਦ ਦੀ ਕੁਰਕੀ ਹੋ ਗਈ ਹੋਵੇ ਜਾਂ ਕੁਰਕੀ ਤੋਂ ਦੋਸ਼–ਮੁਕਤੀ ਨਾ ਮਿਲੀ ਹੋਵੇ, ਨਜਾਇਜ਼ ਕਰਾਰ ਨਾ ਕੀਤੀ ਗਈ ਹੋਵੇ ਜਾਂ ਘੱਟ ਕਰ ਦਿਤੀ ਗਈ ਹੋਵੇ;
- ਉਹਨਾਂ ਤੇ:
  - ਕੰਪਨੀ ਡਾਇਰੈਕਟਰਸ ਐਕਟ 1986 ਦੇ ਅਧੀਨ ਅਯੋਗ ਠਹਿਰਾਏ ਜਾਣ ਦਾ ਹੁਕਮ ਜਾਂ ਅਯੋਗਤਾ ਦੇ ਹੁਕਮ ਲਾਗੂ ਹੁੰਦਾ ਹੋਵੇ
  - ਕੰਪਨੀਜ਼ ਡਾਇਰੈਕਟਰਸ ਡਿਸਕੁਆਲੀਫਿਕੇਸ਼ਨ (ਨਾਰਥਰਨ ਆਇਰਲੈਂਡ) ਆੱਡਰ 2002 ਦੇ ਅਧੀਨ ਅਯੋਗ ਠਹਿਰਾਏ ਜਾਣ ਦਾ ਹੁਕਮ ਲਾਗੂ ਹੁੰਦਾ ਹੋਵੇ
  - ਕੰਪਨੀਜ਼ ਡਾਇਰੈਕਟਰਸ ਡਿਸਕੁਆਲੀਫਿਕੇਸ਼ਨ (ਨਾਰਥਰਨ ਆਇਰਲੈਂਡ) ਆੱਡਰ 2002 ਦੇ ਅਧੀਨ ਅਯੋਗ ਠਹਿਰਾਏ ਜਾਣ ਦੀ ਜ਼ਿੰਮੇਵਾਰੀ ਸਵੀਕਾਰ ਕਰਨੀ ਲਾਗੂ ਹੋਵੇ
  - ਇਨਸਾਲਵੰਸੀ (ਦਿਵਾਲਾ) ਐਕਟ 1986 (ਕਾਉਂਟੀ ਕੋਰਟ ਐਡਮਨਿਸਟ੍ਰੇਸ਼ਨ ਆੱਡਰ ਦੇ ਅਧੀਨ ਭੁਗਤਾਨ ਕਰਨ ਤੋਂ ਨਾਕਾਮ ਰਹਿਣ) ਦੀ ਧਾਰਾ 429(2)(b) ਦੇ ਅਧੀਨ ਮਿਲੇ ਹੁਕਮ ਅਧੀਨ ਹੋਣ
- ਚੈਰਿਟੀ ਕਮਿਸ਼ਨ ਜਾਂ ਕਮਿਸ਼ਨਰਸ ਜਾਂ ਹਾਈ ਕੋਰਟ ਵਲੋਂ ਚੈਰਿਟੀ ਦੇ ਪ੍ਰਬੰਧ ਵਿੱਚ ਬਦਸਲੂਕੀ ਜਾਂ ਬਦ–ਇੰਤਜ਼ਾਮੀ ਦੇ ਆਧਾਰ ਤੇ ਜਾਂ ਚੈਰਿਟੀਜ਼ ਐਂਡ ਟਰੱਸਟੀਜ਼ ਇਨਵੈਸਟਮੰਟ (ਸਕਾੱਟਲੈਂਡ) ਐਕਟ 2005 ਦੀ ਧਾਰਾ 34 ਦੇ ਅਧੀਨ ਪ੍ਰਬੰਧ ਜਾਂ ਕਿਸੇ ਦੇ ਕੰਟਰੋਲ ਦਾ ਫ਼ਿਕਰ ਹੋਣ ਕਾਰਨ ਉਹਨਾਂ ਦਾ ਨਾਮ ਚੈਰਿਟੀ ਟਰੱਸਟੀ ਜਾਂ ਚੈਰਿਟੀ ਲਈ ਇਕ ਟਰੱਸਟੀ ਵਜੋਂ ਖਾਰਜ ਕਰ ਦਿੱਤਾ ਗਿਆ ਹੋਵੇ;
- ਉਹ ਸੈਕਟਰੀ ਆਫ਼ ਸਟੇਟ ਦੁਆਰਾ ਬੱਚਿਆਂ ਨਾਲ ਕੰਮ ਕਰਨ ਲਈ ਅਯੋਗ ਹੋਣ ਵਜੋਂ ਸਮਝੇ ਜਾਣ ਵਾਲੇ ਵਿਅਕਤੀਆਂ ਦੀ ਲਿਸਟ ਵਿਚ ਸ਼ਾਮਲ ਹੋਣ;
- ਐਜੂਕੇਸ਼ਨ ਐਕਟ 2002 ਦੀ ਧਾਰਾ 142 ਦੇ ਅਧੀਨ ਬੱਚਿਆਂ ਨਾਲ ਕੰਮ ਕਰਨ ਲਈ ਅਯੋਗ ਠਹਿਰਾਏ ਗਏ ਹੋਣ ਜਾਂ ਆਦੇਸ਼ ਅਧੀਨ ਹੋਣ;
- ਕ੍ਰਿਮੀਨਲ ਜਸਟਿਸ ਐਂਡ ਕੋਰਟ ਸਰਵਿਸਿਸ ਐਕਟ 2000 ਦੀ ਧਾਰਾ 28, 29 ਜਾਂ 29ਏ ਦੇ ਅਧੀਨ ਬੱਚਿਆਂ ਨਾਲ ਕੰਮ ਕਰਨ ਲਈ ਅਯੋਗ ਠਹਿਰਾਏ ਗਏ ਹੋਣ ਜਾਂ ਆਦੇਸ਼ ਅਧੀਨ ਹੋਣ;
- ਚਾਇਲਡ ਮਾਇੰਡਿੰਗ ਜਾਂ ਡੇ ਕੇਅਰ ਪ੍ਰਦਾਨ ਕਰਨ ਲਈ ਚਿਲਡਰਨ ਐਂਡ ਫੈਮਿਲੀਜ਼ (ਵੇਲਜ਼) ਮੈਯੁਰ 2010 ਦੇ ਭਾਗ 2 ਅਧੀਨ ਉਹਨਾਂ ਦੀ ਰਜਿਸਟ੍ਰੇਸ਼ਨ ਅਯੋਗ ਠਹਿਰਾਈ ਗਈ ਹੋਵੇ;

  ਚਾਇਲਡ ਕੇਅਰ ਐਕਟ 2006 ਦੇ ਭਾਗ 3 ਅਧੀਨ ਉਹਨਾਂ ਦੀ ਰਜਿਸਟ੍ਰੇਸ਼ਨ ਅਯੋਗ ਠਹਿਰਾਈ ਗਈ ਹੋਵੇ;

- ਗਵਰਵਰ ਬਣਨ ਤੇ ਜਾਂ ਬਣਨ ਤੋਂ ਪਹਿਲਾਂ 5 ਸਾਲਾਂ ਵਿਚ ਉਹਨਾਂ ਨੂੰ ਕੈਦ ਦੀ ਸਜ਼ਾ (ਚਾਹੇ ਨਿਲੰਬਿਤ ਹੋਵੇ ਜਾਂ ਨਹੀਂ) ਮਿਲੀ ਹੋਵੇ ਜੋ 3 ਮਹੀਨਿਆਂ ਦੇ ਸਮੇਂ ਤੋਂ ਘੱਟ ਨਾ ਹੋਵੇ (ਜ਼ੁਰਮਾਨਾ ਭਰਨ ਦਾ ਇਖਤਿਆਰ ਨਾ ਹੋਵੇ);
- ਗਵਰਨਰ ਬਣਨ ਤੋਂ 20 ਸਾਲ ਪਹਿਲਾਂ ਉਹਨਾਂ ਨੂੰ ਢਾਈ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਕੈਦ ਦੀ ਸਜ਼ਾ ਮਿਲੀ ਹੋਵੇ;

- ਕਿਸੇ ਵੀ ਸਮੇਂ ਤੇ 5 ਸਾਲ ਜਾਂ ਵੱਧ ਸਮੇਂ ਲਈ ਕੈਦ ਦੀ ਸਜ਼ਾ ਹੋਈ ਹੋਵੇ;
- ਗਵਰਨਰ ਵਜੋਂ ਨਿਯੁਕਤੀ ਜਾਂ ਚੋਣ ਹੋਣ ਤੇ ਜਾਂ ਪਹਿਲਾਂ 5 ਸਾਲਾਂ ਦੌਰਾਨ ਈਏ1996 ਦੀ ਧਾਰਾ 547 ਦੇ ਅਧੀਨ (ਸਕੂਲ ਦੇ ਸਥਾਨ ਤੇ ਬਖੇੜਾ ਜਾਂ ਸ਼ੋਰ–ਸ਼ਰਾਬਾ ) ਜਾਂ ਫਰਦਰ ਐਜ਼ੂਕੇਸ਼ਨ ਐਕਟ 1992 (ਵਿਦਿਅਕ ਆਦਾਰੇ ਦੀ ਹੱਦ ਵਿੱਚ ਬਖੇੜਾ ਜਾਂ ਸ਼ੋਰ–ਸ਼ਰਾਬਾ) ਦੀ ਧਾਰਾ 85ਏ ਦੇ ਅਧੀਨ ਉਹਨਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੋਵੇ;
- ਜੇਕਰ ਉਸੇ ਹੀ ਸਕੂਲ ਵਿਚ ਇਕ ਪੇਰੰਟ ਗਵਰਨਰ ਵਜੋਂ ਖੜ੍ਹੇ ਹੋਣਾ ਚਾਹੁੰਦੇ ਹੋਣ ਜਿਥੇ ਉਹ ਇਕ ਵਿਦਿਅਕ ਸਾਲ ਵਿਚ 500 ਘੰਟੇ ਤੋਂ ਵੱਧ ਸਮਾਂ ਕੰਮ ਕਰਦੇ ਹੋਣ;
- ਲੋਕਲ ਅਥਾਰਿਟੀ ਦੇ ਚੁਣੇ ਹੋਏ ਮੈਂਬਰ ਹੋਣ (ਕੇਵਲ ਪੇਰੰਟ ਅਤੇ ਕਮਿਊਨਿਟੀ ਗਵਰਨਰਸ ਤੇ ਹੀ ਲਾਗੂ ਹੁੰਦਾ ਹੈ);
- ਪੁਲਿਸ ਐਕਟ 1997 ਦੀ ਧਾਰਾ 113 ਬੀ ਦੇ ਅਧੀਨ ਕ੍ਰਿਮੀਨਲ ਰਿਕਾੱਡਸ ਸਰਟੀਫਿਕੇਟ ਲਈ ਗਵਰਨਿੰਗ ਬਾੱਡੀ ਦੇ ਕਲਰਕ ਵਲੋਂ ਕੀਤੀ ਗਈ ਬੇਨਤੀ ਨੂੰ ਠੁਕਰਾਇਆ ਹੋਵੇ;
- ਗਵਰਨਿੰਗ ਬਾੱਡੀ ਦੀਆਂ ਮੀਟਿੰਗਾਂ ਵਿਚ ਆਉਣ ਲਈ ਲਗਾਤਾਰ 6 ਮਹੀਨਿਆਂ ਦੇ ਸਮੇਂ ਲਈ ਅਸਫਲ ਰਹਿਣ ਵਜੋਂ ਇਸ ਸਕੂਲ ਦੇ ਗਵਰਨਰ ਵਜੋਂ ਸੇਵਾ ਨਿਭਾਉਣ ਲਈ ਅਯੋਗ ਠਹਿਰਾਇਆ ਗਿਆ ਹੋਵੇ ।

**(ਯੋਗਤਾ ਬਾਰੇ ਵਧੇਰੇ ਸਪੱਸ਼ਟੀਕਰਣ ਜਾਂ ਸਲਾਹ ਲੈਣ ਲਈ ਕਿਰਪਾ ਕਰਕੇ ਆਪਣੇ ਹੈੱਡਟੀਚਰ ਨਾਲ ਸੰਪਰਕ ਕਰੋ)**

APPENDIX E

## ਪੇਰੰਟ ਗਵਰਨਰਸ ਦੀ ਇਲੈਕਸ਼ਨ ਲਈ ਨਾਮਜ਼ਦਗੀ ਫ਼ਾਰਮ

< >

### ਉਮੀਦਵਾਰ ਨੇ ਭਰਨਾ ਹੈ

**ਨਾਮ:** ..........................................................................

**(ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ)**

ਸਰਨਾਵਾਂ ..........................................................................

..........................................................................

ਟੈਲੀਫੋਨ ਨੰਬਰ. ..........................................................................

ਦਸਤਖਤ ..........................................................................

ਉਮੀਦਵਾਰ ਦਾ ਨਿੱਜੀ ਬਿਆਨ (ਜੇਕਰ ਚਾਹੋ ਤਾਂ ਇਕ ਵਖਰਾ ਪੇਪਰ ਨਾਲ ਨੱਥੀ ਕਰ ਸਕਦੇ ਹੋ)

### ਉਸ ਵਿਅਕਤੀ ਦੇ ਭਰਨ ਲਈ ਜਿਸ ਨੇ ਉਮੀਦਵਾਰ ਨੂੰ ਨਾਮਜ਼ਦ ਕੀਤਾ ਹੋਵੇ

(ਜ਼ਰੂਰੀ ਹੈ ਕਿ ਉਹ ਉਮੀਦਵਾਰ ਦੀ ਪਤੀ/ਪਤਨੀ ਜਾਂ ਪਾੱਟਨਰ ਨਾ ਹੋਵੇ)

**ਨਾਮ:** ..........................................................................

**(ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ)**

ਸਰਨਾਵਾਂ ..........................................................................

..........................................................................

ਦਸਤਖਤ ..........................................................................

ਇਹ ਫ਼ਾਰਮ ਲੇਟ ਤੋਂ ਲੇਟ < >ਤਾਰੀਕ ਨੂੰ ਸਕੂਲ ਵਿਚ ਛੁੱਟੀ ਹੋਣ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣਾ ਚਾਹੀਦਾ ਹੈ ।

APPENDIX F

## ਪੇਰੰਟ ਗਵਰਨਰਸ ਦੀ ਇਲੈਕਸ਼ਨ

## ਇਲੈਕਸ਼ਨ ਵਿਚ ਵੋਟਾਂ ਪਾਉਣ ਲਈ ਮਾਪਿਆਂ ਦੀ ਅਗਵਾਈ ਲਈ ਨੋਟਸ

### 1. ਬੈਲਟ ਪੇਪਰਸ

(ਏ) ਤੁਸੀਂ ਕੇਵਲ < > ਉਮੀਦਵਾਰ(ਰਾਂ) ਨੂੰ ਉਚਿੱਤ ਖਾਨੇ/ਖਾਨਿਆਂ ਤੇ X ਦਾ ਨਿਸ਼ਾਨ ਲਗਾ ਕੇ ਵੋਟ ਪਾ ਸਕਦੇ ਹੋ। ਤੁਹਾਨੂੰ ਕੋਈ ਇਸ ਬੈਲਟ ਪੇਪਰ ਤੇਹੋਰ ਨਿਸ਼ਾਨ ਨਹੀਂ ਲਗਾਉਣਾ ਚਾਹੀਦਾ । ਜ਼ਰੂਰੀ ਹੈ ਕਿ ਹਰ ਇਕ ਪੇਰੰਟ ਇਕ ਵੱਖਰੇ ਫ਼ਾਰਮ ਤੇ ਵੋਟ ਪਾਵੇ ।

(b) ਜੇਕਰ ਤੁਹਾਡਾ ਬੈਲਟ ਪੇਪਰ ਗਵਾਚ ਜਾਵੇ ਜਾਂ ਖਰਾਬ ਹੋ ਜਾਵੇ ਤਾਂ ਕਿਰਪਾ ਕਰਕੇ ਡੁਪਲੀਕੇਟ (ਦੂਸਰੇ ਪੇਪਰ) ਲਈ ਪੁੱਛੋ ।

### 2. ਬੈਲਟ ਪੇਪਰਸ ਵਾਪਸ ਭੇਜਣੇ

(a) ਭਰੇ ਹੋਏ ਬੈਲਟ ਪੇਪਰਸ (ਜੇਕਰ ਤੁਸੀਂ ਪਸੰਦ ਕਰੋ ਤਾਂ ਇਕ ਲਿਫ਼ਾਫ਼ੇ ਵਿਚ ਪਾ ਕੇ) < > ਤਾਰੀਕ ਤੱਕ ਸਕੂਲ ਵਿੱਚ ਛੁੱਟੀ ਹੋਣ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣੇ ਚਾਹੀਦੇ ਹਨ । ਤੁਸੀਂ ਇਹ ਫ਼ਾਰਮ ਡਾਕ ਰਾਹੀਂ ਵੀ ਭੇਜ ਸਕਦੇ ਹੋ ਪਰ ਉਹ ਇਸ ਤਾਰੀਕ ਤੱਕ ਹੈੱਡਟੀਚਰ ਕੋਲ ਪਹੁੰਚ ਜਾਣੇ ਚਾਹੀਦੇ ਹਨ।

(b) ਜਦ ਇਹ ਬੈਲਟ ਪੇਪਰ ਵਾਪਸ ਸਕੂਲ ਪਹੁੰਚ ਗਿਆ ਤਾਂ ਇਹ ਬੰਦ ਬਕਸੇ ਜਾਂ ਡੱਬੇ ਵਿਚ ਪਾ ਕੇ ਸੁਰੱਖਿਅਤ ਰਖੇ ਜਾਣਗੇ ਅਤੇ ਉਸ ਦਿਨ ਖੋਲ੍ਹੇ ਜਾਣਗੇ ਜਿਸ ਦਿਨ ਗਿਣਤੀ ਹੋਣੀ ਹੈ ।

### 3. ਇਲੈਕਸ਼ਨ ਦਾ ਪ੍ਰਬੰਧ

(a) ਹੈੱਡਟੀਚਰ ਸਕੂਲ ਵਿਚ ਰਿਟਰਨਿੰਗ ਆਫ਼ਿਸਰ (ਚੋਣ–ਅਧਿਕਾਰੀ) ਵਜੋਂ ਕੰਮ ਕਰੇਗਾ/ਗੀ ਅਤੇ ਇਲੈਕਸ਼ਨ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੋਵੇਗਾ/ਗੀ ।

(b) ਜਿਹੜੇ ਉਮੀਦਵਾਰ(ਰਾਂ) ਨੂੰ ਸੱਭ ਤੋਂ ਵੱਧ ਵੋਟ ਮਿਲੇ ਉਹ ਚੁਣੇ ਜਾਣਗੇ ।

(c) ਵੋਟਰਸ ਦਾ ਰਜਿਸਟਰ ਨਹੀਂ ਰਖਿਆ ਜਾਵੇਗਾ ਪਰ ਇਲੈਕਸ਼ਨ ਵਿਚ ਹਰੇਕ ਕਿਸਮ ਦੀ ਨਿਰਪੱਖਤਾ ਯਕੀਨਣ ਬਣਾਉਣ ਲਈ ਹੈੱਡਟੀਚਰ ਸਾਰੀਆਂ ਉਚਿੱਤ ਕਾਰਵਾਈਆਂ ਕਰੇਗਾ/ਗੀ ।

(d) ਜੇਕਰ ਕਿਸੇ ਵਿਅਕਤੀ ਨੂੰ ਬੈਲਟ ਪੇਪਰ ਨਹੀਂ ਮਿਲਿਆ ਜਾਂ ਉਹ ਵਾਪਸ ਨਾ ਭੇਜ ਸਕਿਆ ਤਾਂ ਇਲੈਕਸ਼ਨ ਨਾਜਾਇਜ਼ ਨਹੀਂ ਠਹਿਰਾਈ ਜਾਵੇਗੀ ।

### 4. ਗਿਣਤੀ

(a) ਹੈਡਟੀਚਰ ਉਮੀਦਵਾਰਾਂ ਜਾਂ ਉਹਨਾਂ ਦੇ ਪ੍ਰਤਿਨਿਧੀਆਂ ਦੀ ਹਾਜ਼ਰੀ ਵਿੱਚ < > ਨੂੰ ਉਸ ਸਮੇਂ ਤੇ ਵੋਟਾਂ ਦੀ ਗਿਣਤੀ ਕਰਨ ਦਾ ਪ੍ਰਬੰਧ ਕਰੇਗਾ/ਗੀ ਅਤੇ ਜੋ ਸਾਰੀਆਂ ਧਿਰਾਂ ਦੀ ਰਜ਼ਾਮੰਦੀ ਨਾਲ ਨਿਯਤ ਕੀਤਾ ਜਾਵੇਗਾ ਅਤੇ ਐਲਾਨ ਕਰੇਗਾ ਕਿ ਇਲੈਕਸ਼ਨ ਵਿੱਚ ਕੌਣ ਸਫ਼ਲ ਹੋਇਆ ਹੈ।

(b) ਹੈਡਟੀਚਰ ਜੇਕਰ ਕੋਈ ਉਥੇ ਹਾਜ਼ਰ ਹੋਇਆ ਤਾਂ ਉਮੀਦਵਾਰਾਂ ਵਿਚੋਂ ਕਿਸੇ ਨਾਲ ਸਲਾਹ–ਮਸ਼ਵਰਾ ਕਰਕੇ ਕਿਸੇ ਤਰ੍ਹਾਂ ਦੇ ਅਸਪੱਸ਼ਟ ਜਾਂ ਖਰਾਬ ਹੋਏ ਪੇਪਰਸ ਦੀ ਉਚਿਤਤਾ ਦਾ ਫ਼ੈਸਲਾ ਕਰੇਗਾ।

(c) ਇਕ ਖਾਲੀ ਪਦ ਪੂਰਾ ਕਰਨ ਲਈ ਦੋ ਜਾਂ ਵੱਧ ਉਮੀਦਵਾਰਾਂ ਦੇ ਬਰਾਬਰ ਵੋਟ ਹੋਣ ਦੀ ਸੂਰਤ ਵਿਚ ਨਤੀਜੇ ਦਾ ਫ਼ੈਸਲਾ ਸਿੱਕਾ ਉਛਾਲ ਕੇ ਕੀਤਾ ਜਾਵੇਗਾ।

(d) ਬੈਲਟ ਪੇਪਰਸ ਸਕੂਲ ਵਲੋਂ 6 ਮਹੀਨੇ ਲਈ ਰਖੇ ਜਾਣਗੇ।

### 5. ਨਤੀਜੇ ਦਾ ਐਲਾਨ ਕਰਨਾ

ਹੈੱਡਟੀਚਰ ਇਲੈਕਸ਼ਨ ਦੇ ਨਤੀਜੇ ਦੀ ਜਾਣਕਾਰੀ ਸਾਰੇ ਮਾਪਿਆਂ ਨੂੰ ਸਕੂਲ ਦੇ ਆਮ ਸੰਚਾਰ–ਸਾਧਨਾਂ ਰਾਹੀਂ ਜਿਵੇਂ ਕਿ ਨਿਊਜ਼ਲੈਟਰ ਰਾਹੀਂ ਦੇਵੇਗਾ/ਗੀ ।

**APPENDIX G**

# ਪੇਰੰਟ ਗਵਰਨਰਸ ਦੀ ਇਲੈਕਸ਼ਨ ਲਈ ਬੈਲਟ ਪੇਪਰ

< >

ਉਮੀਦਵਾਰਾਂ ਦੀ ਲਿਸਟ

| | | |
|---|---|---|
| 1. | ਉਮੀਦਵਾਰ ਦਾ ਨਾਮ | ☐ |
| 2. | ਉਮੀਦਵਾਰ ਦਾ ਨਾਮ | ☐ |
| 3. | ਉਮੀਦਵਾਰ ਦਾ ਨਾਮ | ☐ |
| 4. | ਉਮੀਦਵਾਰ ਦਾ ਨਾਮ | ☐ |
| 5. | ਉਮੀਦਵਾਰ ਦਾ ਨਾਮ | ☐ |
| 6. | ਉਮੀਦਵਾਰ ਦਾ ਨਾਮ | ☐ |
| 7. | ਉਮੀਦਵਾਰ ਦਾ ਨਾਮ | ☐ |
| 8. | ਉਮੀਦਵਾਰ ਦਾ ਨਾਮ | ☐ |
| 9. | ਉਮੀਦਵਾਰ ਦਾ ਨਾਮ | ☐ |
| 10. | ਉਮੀਦਵਾਰ ਦਾ ਨਾਮ | ☐ |

ਤੁਸੀਂ ਕੇਵਲ < > ਉਮੀਦਵਾਰ(ਰਾਂ) ਨੂੰ ਉਚਿੱਤ ਖਾਨੇ/ਖਾਨਿਆਂ ਤੇ X ਦਾ ਨਿਸ਼ਾਨ ਲਗਾ ਕੇ ਵੋਟ ਪਾ ਸਕਦੇ ਹੋ। ਤੁਹਾਨੂੰ ਕੋਈ ਇਸ ਬੈਲਟ ਪੇਪਰ ਤੇਹੋਰ ਨਿਸ਼ਾਨ ਨਹੀਂ ਲਗਾਉਣਾ ਚਾਹੀਦਾ ।

ਇਸ ਫ਼ਾਰਮ ਦੇ ਨਾਲ ਵੋਟਰਾਂ ਨੂੰ ਆਪਣੀ ਪਸੰਦਗੀ ਦੱਸਣ ਵਿੱਚ ਮਦਦ ਕਰਨ ਲਈ **ਉਮੀਦਵਾਰਾਂ ਵਲੋਂ ਆਪਣੇ ਬਾਰੇ ਦਿਤੇ ਬਿਆਨ** ਨਾਲ ਭੇਜੇ ਗਏ ਹਨ।